# Visit of External Affairs Minister to Georgia (July 09-10, 2021)

July 08, 2021

## ਵਿਦੇਸ਼ ਮੰਤਰੀ ਦਾ ਜਾਰਜੀਆ ਦਾ ਦੌਰਾ (9-10 ਜੁਲਾਈ , 2021)

ਜੁਲਾਈ 08, 2021

1. ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਜਾਰਜੀਆ ਦੇ ਉਪ-ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਾਨ ਡੇਵਿਡ ਜ਼ਾਲਕਾਲੀਨੀ ਦੇ ਸੱਦੇ ਤੇ 9- 10 ਜੁਲਾਈ ਤੱਕ ਜਾਰਜੀਆ ਦਾ ਅਧਿਕਾਰਤ ਦੌਰਾ ਕਰਨਗੇ| ਇਹ ਕਿਸੇ ਭਾਰਤੀ ਵਿਦੇਸ਼ ਮੰਤਰੀ ਵੱਲੋਂ ਸੁਤੰਤਰ ਜਾਰਜੀਆ ਦਾ ਪਹਿਲਾ ਦੌਰਾ ਹੋਵੇਗਾ|

2. ਇਸ ਦੌਰੇ ਦੌਰਾਨ ਵਿਦੇਸ਼ ਮੰਤਰੀ ਆਪਣੇ ਹਮਰੁਤਬਾ ਨਾਲ ਦੁਵੱਲੇ ਸਬੰਧਾਂ ਦੇ ਵੱਖ-ਵੱਖ ਪਹਿਲੂਆਂ ਅਤੇ ਖੇਤਰੀ ਅਤੇ ਆਲਮੀ ਦਿਲਚਸਪੀ ਦੇ ਮੁੱਦਿਆਂ 'ਤੇ ਵਿਚਾਰ - ਵਟਾਂਦਰੇ ਕਰਨਗੇ| ਇਸ ਦੌਰੇ ਦੌਰਾਨ ਉਨ੍ਹਾਂ ਦੀ ਹੋਰਨਾਂ ਪਤਵੰਤਿਆਂ ਨਾਲ ਮੁਲਾਕਾਤ ਕਰਨ ਦੀ ਵੀ ਉਮੀਦ ਹੈ|

3. ਵਿਦੇਸ਼ ਮੰਤਰੀ ਜਾਰਜੀਆ ਦੇ ਸੇਂਟ ਕਵੀਨ ਕੇਟਵਨ ਦੀ ਪਵਿੱਤਰ ਨਿਸ਼ਾਨੀ ਜਾਰਜੀਆ ਸਰਕਾਰ ਅਤੇ ਲੋਕਾਂ ਨੂੰ ਸੌਂਪਣਗੇ| ਉਹ ਤਬੀਲੀਸੀ ਸ਼ਹਿਰ ਵਿੱਚ ਹਾਲ ਵਿੱਚ ਹੀ ਸਥਾਪਤ ਮਹਾਤਮਾ ਗਾਂਧੀ ਦੀ ਨਵੀਂ ਮੂਰਤੀ ਦਾ ਉਦਘਾਟਨ ਵੀ ਕਰਨਗੇ|

4. ਇਸ ਦੌਰੇ ਨਾਲ ਭਾਰਤ ਅਤੇ ਜਾਰਜੀਆ ਦਰਮਿਆਨ ਨੇੜਲੇ ਅਤੇ ਸਦਭਾਵਨਾਤਮਕ ਸਬੰਧ ਹੋਰ ਮਜ਼ਬੂਤ ਹੋਣਗੇ|

ਨਵੀਂ ਦਿੱਲੀ
ਜੁਲਾਈ 08, 2021

DISCLAIMER: This is an approximate translation. The original is available in English on MEA's website and may be referred to as the official press release.